ਪਰਕਾਸ਼ਕ ਦੇ ਸਭ ਹਕ ਰਾਖਵੇਂ ਹਨ

ਲੁਬਾਣਾ ਸਿਖ ਇਤਿਹਾਸ ਦੀ ਪਹਿਲੀ ਲੜੀ

# ਬਾਬਾ ਮੱਖਣ ਸ਼ਾਹ ਲੁਬਾਣਾ

G. 765

ਜਿਸ ਵਿਚ

ਗੁਰੂ ਤੇਗ਼ ਬਹਾਦ੍ਰ ਜੀ ਦੇ ਸਮੇਂ ਦੀ ਡਾਵਾਂ ਡੋਲ ਹੋ ਰਹੀ ਹਾਲਤ ਨੂੰ ਸਿਖ ਇਤਿਹਾਸਾਂ ਦਵਾਰਾ ਸਹੀ ਸਹੀ ਵਰਨਣ ਕੀਤਾ ਗਿਆ ਹੈ, ਬਾਬਾ ਮੱਖਣ ਸ਼ਾਹ ਅਤੇ ਬਾਬਾ ਲੱਖੀ ਸ਼ਾਹ ਦਾ ਮੁਕੰਮਲ ਜੀਵਣ ਅਤੇ ਪੰਥ ਵਿਚ ਉਨ੍ਹਾਂ ਦੀਆਂ ਅਦੁਤੀ ਕੁਰਬਾਨੀਆਂ ਅੰਕਤ ਹਨ ।

ਕਰਤਾ

ਸਮਿਲਤ :—ਬਾਵਾ ਹਰਨਾਮ ਸਿੰਘ ਬੀ. ਏ.

ਐਡੀਟਰ ਹਫਤਾਵਾਰ ਪ੍ਰੇਮ ਸੰਦੇਸ਼ ਲਾਹੌਰ

ਅਤੇ

ਗਿਆਨੀ ਦੀਵਾਨ ਸਿੰਘ 'ਮਹਿਰਮ'

ਨੰਗਲ ਸ਼ਾਹੂ, ਜ਼ਿਲਾ ਸਿਆਲਕੋਟ

ਪਰਕਾਸ਼ਕ

ਹਫਤਾਵਾਰ ਪ੍ਰੇਮ ਸੰਦੇਸ਼ ਲਾਹੌਰ

ਪਹਿਲੀ ਵਾਰ ੧੦੦੦ ਮੁਲ ੧।।)

X ੬੫੭

22849

# ਧਨਵਾਦ

ਮੈਂ ਸ੍ਰ: ਬਰਕਤ ਸਿੰਘ ਜੀ 'ਅਨੰਦ', ਗਿਆਨੀ ਮੰਗਲ ਸਿੰਘ ਜੀ 'ਸੇਵਕ', ਗਿਆਨੀ ਹਰਚਰਨ ਸਿੰਘ ਜੀ ਬਾਬਾ ਬਕਾਲਾ, ਗਿਆਨੀ ਗੁਰਮੁਖ ਸਿੰਘ ਜੀ ਗੁਰ-ਦਾਸਪੁਰ, ਅਤੇ ਗਿਆਨੀ ਹੇਮ ਸਿੰਘ ਜੀ ਹੁਸ਼ਿਆਰਪੁਰ, ਆਦ ਦਾ ਕ੍ਰਿਤਗਯ ਹਾਂ ਜਿਨ੍ਹਾਂ ਨੇ ਇਹ ਇਤਹਾਸ ਦੀ ਪਹਿਲੀ ਲੜੀ ਲਿਖਣ ਲਈ ਪ੍ਰੇਰਨਾ ਬਖਸ਼ੀ ਅਤੇ ਆਦ ਤੋਂ ਅੰਤ ਤਕ ਸਾਡੀ ਇਤਹਾਸਕ ਖੋਜ, ਲੇਖਣੀ ਅਤੇ ਸੁਧਾਈ ਵਿਚ ਸਾਡਾ ਪੂਰਨ ਸਾਥ ਦਿਤਾ।

ਬਾਵਾ ਹਰਨਾਮ ਸਿੰਘ
ਬੀ. ਏ.

੧੬ ਮਾਰਚ
੧੯੪੩

# ਮੁਖ ਬੰਧ

ਮੈਂ ਇਕ ਸੰਸਾਰ-ਸ਼ਹਿਰੀ (World Citizen) ਹਾਂ, ਜ਼ਾਤ ਪਾਤ ਦੇ ਝਰੋਖਿਆਂ ਤੋਂ ਬਾਹਰ ਅਤੇ ਭਾਈਚਾਰਕ ਭੁਲੇਖਿਆਂ ਤੋਂ ਪਾਰਲੇ ਪਾਸੇ। ਸਾਰੀ ਮਨੁਖਤਾ ਨਾਲ ਬਿਨਾ ਕਿਸੇ ਮਜ਼ਹਬੀ ਸ਼ੰਕਿਆਂ ਦੇ ਮੈਂ ਉਠਣ ਬੈਠਣ ਦੀ ਦਲੇਰੀ ਕਰ ਸਕਦਾ ਹਾਂ, ਮੇਰੀਆਂ ਦ੍ਰਿਸ਼ਟੀ-ਕੋਣਾ ਉਥੇ ਪੁਜਦੀਆਂ ਹਨ ਜਿਥੇ ਧਰਤੀ ਅਤੇ ਅਕਾਸ਼ ਮਿਲ ਬਹਿੰਦੇ ਹਨ।

ਦੋ ਸਾਲ ਹੋਏ ਮੈਂ ਅਪਣੇ ਹਥਾਂ ਵਿਚ ਸੰਸਾਰ ਲਈ ਪ੍ਰੇਮ ਦਾ ਸੰਦੇਸ਼ ਲੈ ਕੇ ਨਿਕਲਿਆ, ਮੇਰੇ ਦਿਲ ਦਿਮਾਗ਼ ਤੇ ਜਵਾਨ ਰੀਝਾਂ ਦੀਆਂ ਪਾਤਸ਼ਾਹੀਆਂ ਸਨ। ਦੋ ਸਾਲਾਂ ਵਿਚ ਮੈਂ ਅਪਣੇ ਪਾਠਕਾਂ ਦੀ ਨਬਜ਼ ਪੜ੍ਹੀ ਉਨ੍ਹਾਂ ਦੇ ਦਿਲਾਂ ਨੂੰ ਟਟੋਲਿਆ ਦਿਲਾਂ ਵਿਚ ਫਫੋਹੇ ਲਗੇ ਹੋਏ ਸਨ ਜਹਾਲਤ ਅਤੇ ਅਨਪੜ੍ਹਤਾ ਦੇ। ਮੈਂ ਉਨ੍ਹਾਂ ਪਥਰ-ਦਿਲਾਂ ਪੁਰ ਅਪਣੇ ਅਮੀਰ ਖਿਆਲਾਂ ਦਾ ਮੋਹਲੇ ਧਾਰ ਮੀਂਹ ਵਰਸਾਇਆ। ਮੇਰੀ ਅਪਣੀ ਖੇਤੀ (ਕੌਮ)

ਜਿਸ ਨੂੰ ਮੈਂ ਜ਼ਰਖੇਜ਼ ਬਨਾਨਾ ਚਾਹੁੰਦਾ ਸਾਂ,–ਖੰਡਰ ਖੋਲੇ ਪੂਰ ਕੇ ਰੋੜੇ ਰੜਕੇ ਹਟਾ ਕੇ, ਉਹ ਬੰਜਰ ਦੀ ਬੰਜਰ ਪਈ ਰਹੀ ਉਸ ਵਿਚ ਮੇਰੇ ਖਿਆਲਾਂ ਦੀ ਇਕ ਕਣੀ ਨਾ ਧਸ ਸਕੀ। ਮੇਰੇ ਸਾਰੇ ਖਿਆਲਾਂ ਦੀ ਬਰਸਾਤ ਦਾ ਪਾਨੀ ਦੂਸਰੀਆਂ ਖੇਤੀਆਂ ਵਿਚ ਚਲਾ ਗਿਆ ਉਹ ਹਰੀਆਂ ਭਰੀਆਂ ਲਹਿ ਲਹਿ ਕਰਦੀਆਂ ਮੌਲ ਉਠੀਆਂ ਮੇਰੀ ਖੇਤੀ ਅਜੇ ਭੀ ਸੁੰਡਿਆਂ ਨਾਲ ਭਰੀ ਮਰੁੰਡ ਦੀ ਮਰੁੰਡ ਖੜੀ ਹੈ।

ਮੈਂ ਸੰਸਾਰ ਸ਼ਹਿਰੀ ਬਣ ਕੇ ਵਖਾਣਾ ਚਾਹੁੰਦਾ ਸਾਂ ਪਰ ਮੇਰੀ ਕੌਮ ਨੇ ਮੇਰੇ ਖਿਆਲਾਂ ਤੇ ਮਹਿਦੂਦ ਦਾਇਰੇ ਦੀਆਂ ਬਰੇਕਾਂ ਲਾਕੇ ਰੋਕਾਂ ਪਾ ਦਿਤੀਆਂ। ਲੋੜੀਂਦੇ ਹਲਕੇ ਵਿਚ ਕੋਮਲ ਖਿਆਲਾਂ ਦੀ ਇਕ ਕਿਰਨ ਨਾ ਸਮਾ ਸਕੀ। ਖਿਆਲਾਂ ਦੀ ਬਾਗ਼ੀ ਫੌਜ ਭਾਈਚਾਰੇ ਦੀਆਂ ਕਿਲਾ ਬੰਦੀਆਂ ਭੰਨ ਤੋੜ ਕੇ ਨਿਕਲ ਗਈ। ਅਜ ਉਹੀ ਖਿਆਲ ਜੇਹੜੇ ਮੇਰੀ ਕੌਮ ਕੋਲੋਂ ਸੰਭਾਲੇ ਨਹੀਂ ਸੀ ਗਏ ਬਾਹਰਲੀ ਦੁਨੀਆਂ ਵਿਚ ਆਪਣਾ ਇਖਲਾਕੀ ਰਾਜ ਕਾਇਮ ਕਰਨ ਲਈ ਅਪਣੀ ਲੋਹੇ ਦੀ ਆਤਮਾਂ ਦੀ ਹਿਕ ਤਣੀ ਖੜੇ ਹਨ। ਮੈਂ ਚਹੁੰ ਸਾਲਾਂ ਤੋਂ ਸਮਝ ਗਿਆ ਹਾਂ ਕਿ ਜਿਨ੍ਹਾਂ ਆਸਾਂ ਦੇ ਦੀਵੇਂ ਮੈਂ



ਜਗਾਣਾ ਚਾਹੁੰਦਾ ਹਾਂ ਉਨ੍ਹਾਂ ਦੀਆਂ ਜੋਤਾਂ ਲਈ ਪਹਿਲਾਂ ਮੰਦਰ ਬਨਾਣੇ ਪੈਣਗੇ। ਕੌਮ ਦੇ ਦਿਲਾਂ ਨੂੰ ਮੈਂ ਚੰਗੀ ਤਰਾਂ ਪੜ੍ਹ ਲਿਆ ਹੈ, ਮੇਰੀ ਉਂਗਲ ਫੜ ਕੇ ਮੇਰੀ ਵੀਣੀ ਨੂੰ ਹਥ ਪਾਣ ਦੀ ਕੀਤੀ, ਪਿਠ ਠੋਕ ਕੇ ਪੱਥਰ ਚਲਾਏ। ਇਸ ਦੇ ਬਦਲੇ ਮੈਂ ਕੌਮ ਨੂੰ ਮੇਵੇ ਖਵਾਏ, ਅਖਬਾਰਾਂ ਚਲਾਈਆਂ, ਇਤਹਾਸ ਲਿਖ ਦਿਤੇ। ਮੈਂ ਤੁਹਾਨੂੰ ਨਵੇਂ ਨਵੇਂ ਵਲਵਲਿਆਂ ਨਾਲ ਭਰਪੂਰ ਕਰਨ ਦਾ ਯਤਨ ਕੀਤਾ, ਨਵੀਆਂ ਹਿਰਦੇ ਤਾਰਾਂ ਖੜਕਾਣ ਦੇ ਉਪਰਾਲੇ ਕੀਤੇ ਪਰ ਮੇਰੀਆਂ ਰਮਜ਼ਾਂ ਬਹੁਤ ਮਲੂਕ ਸਨ ਤੁਸੀ ਉਨ੍ਹਾਂ ਨੂੰ ਨਾ ਸਮਝ ਸਕੇ।

ਜ਼ਮੀਨ ਤਾਂ ਬੰਜਰ ਰਹਿ ਗਈ ਪਰ ਕਿਤੇ ਕਿਤੇ ਘਾਸ ਫੂੰਸ ਪੁਰ ਤ੍ਰੇਲ ਦੇ ਤੁਬਕਿਆਂ ਵਾਂਗ ਮੇਰੇ ਖਿਆਲ ਦੀ ਕਿਰਨ ਲਟਕੀ ਰਹੀ। ਮੇਰੀ ਲੇਖਣੀ ਦੀਆਂ ਟਕੋਰਾਂ ਨਾਲ ਕਿਸੇ ਕਿਸੇ ਦੀਆਂ ਸੁਤੀਆਂ ਸਧਰਾਂ ਜਾਗੀਆਂ। ਸਧਰਾਂ ਦੇ ਸੋਮਿਆਂ ਵਿਚੋਂ ਲੁਬਾਣਾ ਕੌਮ ਦਾ ਇਤਹਾਸ ਫੁਟ ਫੁਟ ਨਿਕਲਿਆ। 'ਮਹਿਰਮ' ਜੀ ਇਕ ਇਤਹਾਸਕਾਰ ਦਾ ਰੂਪ ਧਾਰ ਕੇ ਮੇਰੇ ਸਾਮਣੇ ਆ ਖਲੋਤੇ, ਮੈਨੂੰ ਕਹਿ ਦਿਤਾ, "ਮੈਂ ਤੁਹਾਡਾ ਜੀਵਣ ਸਾਥੀ ਹਾਂ ਅਤੇ ਮੇਰੀਆਂ ਮਸੂਮ ਇਛਾਵਾਂ ਅਗੇ ਲਈ ਤੁਹਾਡੇ

ਨਾਲ ਹੋਣ ਗੀਆਂ ।"

ਇਤਹਾਸ ਦੀ ਜੋ ਜੋ ਸਹੀ ਖੋਜ ਹੋ ਸਕੀ ਹੈ ਉਹ ਕੌਮ ਦੇ ਚਰਨਾਂ ਵਿਚ ਅਰਪਨ ਹੈ। 'ਪਿਦਰਮ ਸੁਲਤਾਨ ਬੂਦ' ਕਹਿ ਕਹਿ ਕੇ ਕੌਮ ਨੂੰ ਪੁਚਕਾਰਿਆ ਨਹੀਂ ਗਿਆ ਅਤੇ ਨਾ ਹੀ ਇਹ ਕਿਹਾ ਗਿਆ ਹੈ, ਕਿ 'ਤੁਸੀਂ ਰਿਸ਼ੀਆਂ ਦੀ ਸੰਤਾਨ ਹੋ, ਬੀਰ ਬਾਂਕੇ ਹੋ, ਤੁਹਾਡੇ ਵਰਗੀ ਹੋਰ ਕੋਈ ਕੌਮ ਨਹੀਂ, ਤੁਹਾਡੀ ਅਮੀਰੀ ਨੂੰ ਅਜ ਤੋੜੀ ਕੋਈ ਨਹੀਂ ਪੁਜਾ'।

'ਪ੍ਰੇਮ ਸੰਦੇਸ਼' ਦੇ ਜਨਮ ਦਾਤਾ ਬਨਣ ਤੋਂ ਪਹਿਲਾਂ ਹੀ ਮੈਂ ਅਪਣੇ ਆਪ ਨੂੰ ਇਸ ਬ੍ਰਹਿਮੰਡ ਦੀ ਵਾਈ ਤਿਨ ਅਰਬ ਦੀ ਮਨੁਖ-ਮੰਡਲੀ ਦਾ ਇਕ ਕਿਣਕਾ ਸਮਝਦਾ ਸਾਂ ਅਤੇ ਅਜ ਭੀ ਮੈਂ ਉਹੀ ਅਰਮਾਨ ਅਪਣੇ ਪਹਿਲੂ ਵਿਚ ਲੁਕਾਈ ਭਜਾ ਫਿਰਦਾ ਹਾਂ। ਕੌਮ ਮੈਨੂੰ ਕਹਿੰਦੀ ਹੈ 'ਲੁਬਾਣਾ ਕੌਮ ਦੀ ਆਬਾਦੀ ਹਿੰਦੁਸਤਾਨ ਵਿਚ ਛੇ ਕਰੋੜ ਦੀ ਹੈ ਅਤੇ ਇਹ ਸਾਰੀ ਦੀ ਸਾਰੀ ਤੇਰੀ ਉਮਤ ਹੈ, ਇਸ ਸਾਰੀ ਦੀ ਸਾਰੀ ਨੂੰ ਜਥੇਬੰਦ ਕਰ ਦੇ, ਇਹ ਇਕ ਥਾਵੇਂ ਸਾਰੇ ਜੁੜ ਬੈਠਣ। ਪੰਜਾਬ ਵਿਚ ਮੇਰੀ ਕੌਮ ਨੂੰ ਅਜੇ ਤਕ ਛੁਟਿਆਇਆ ਜਾਂਦਾ ਹੈ। ਜੇ ਮੈਨੂੰ ਜ਼ਾਤ ਪਾਤ ਪੁਰ ਲਿਖਣ ਦੀ ਆਗਿਆ ਹੋਵੇ ਤਾਂ ਲੁਬਾਣਾ



ਕੌਮ ਜ਼ਾਤ ਅਤੇ ਪੰਥਕ ਕੁਰਬਾਨੀਆਂ ਵਿਚ ਸਭ ਤੋਂ ਉਚੀ ਹੈ। ਇਥੇ ਵਧੇਰੀ ਟੀਕਾ ਟਿਪਣੀ ਦੀ ਲੋੜ ਨਹੀਂ ਹੁਣ ਖੋਜ ਪੂਰਤ ਅਤੇ ਇਕ ਪ੍ਰਮਾਣੀਕ ਗ੍ਰੰਥ ਤੁਹਾਡੇ ਸਾਹਮਣੇ ਹੈ। ਇਹ ਪੜ੍ਹ ਲਵੋ, ਵਿਚਾਰ ਲਵੋ ਅਤੇ ਪਰਖ ਲਉ ਇਤਹਾਸ ਦੀ ਕਸਵੱਟੀ ਤੇ।

ਮੈਨੂੰ ਪਤਾ ਸੀ ਕਿ ਕੌਮਾਂ ਹਮੇਸ਼ਾ ਕਦਰ ਹੀਨ ਹੋਇਆ ਕਰਦੀਆਂ ਹਨ ਅਤੇ ਕੌਮਾਂ ਚੋਂ ਖਾਸ ਕਰਕੇ ਸਿਖ ਕੌਮ। ਫਿਰ ਕੀ ਮੈਂ ਅਪਣੀ ਕਦਰ ਨ ਹੁੰਦੀ ਵੇਖ ਕੇ ਅਪਣਾ ਜਾਗਦਾ ਅਤੇ ਦਿਆਨਤਦਾਰ ਯਤਨ ਕਰਨਾ ਛਡ ਦਵਾਂ। ਨਹੀਂ ਇਹ ਮਿਠੀ ਸਜ਼ਾ ਮੈਨੂੰ ਭੁਗਤਨੀ ਪਵੇਗੀ। ਇਹ ਛੇ ਕਰੋੜ ਕੌਮ ਦੀ ਸਜ਼ਾ ਮੈਂ ਇਕੱਲਾ ਭੁਗਤ ਰਿਹਾ ਹਾਂ। ਸਾਡੇ ਵਡੇ ਵਡੇਰੇ ਸਾਡੇ ਲਈ ਕੁਝ ਨਾਂ ਕਰ ਗਏ, ਅਜ ਲੋਕ-ਰਾਇ ਦੀ ਕਚਹਿਰੀ ਵਿਚ ਮੈਂ ਉਨ੍ਹਾਂ ਨੂੰ ਖਿਮਾ ਨਹੀਂ ਕਰ ਸੱਕਦਾ, ਅਤੇ ਜੇਕਰ ਅਜ ਮੈਂ ਔਣ ਵਾਲੀਆਂ ਨਸਲਾਂ ਲਈ ਕੁਝ ਨਾ ਕੀਤਾ ਤਾਂ ਮੈਂ ਭੀ ਭਵਿਸ਼ ਵਿਚ ਮੁਆਫ ਨਹੀਂ ਕੀਤਾ ਜਾਵਾਂਗਾ।

ਬੰਬਈ ਵਿਚ ਲੁਬਾਣੇ ਵੀਰ ਬਹੁਤ ਅਗੇਰੇ ਚਲੇ ਗਏ ਹਨ ਅਤੇ ਸਾਨੂੰ ਸਾਥੀਆਂ ਨੂੰ ਦੂਰ ਛਡ ਗਏ ਹਨ। ਉਨ੍ਹਾਂ ਦੀ ਗਿਣਤੀ ਬੰਬਈ ਵਿਚ ਦੋ ਲਖ ਤੋਂ ਜ਼ਿਆਦਾ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.